## ਮਸ਼ੀਨ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸੂਚਨਾਵਾਂ ਜ਼ਰੂਰ ਪੜ੍ਹੋ

1. ਜੇਕਰ ਬਿਨੈਕਾਰ/ਕਿਸਾਨ ਨੇ ਪਹਿਲਾਂ ਇਨ-ਸਿਟੂ ਸੀ.ਆਰ.ਐਮ (CRM) ਸਕੀਮ ਜਾਂ ਸਮੈਮ (SMAM) ਸਕੀਮ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ (2018-19, 2019-20, 2020-21) ਕਿਸੇ ਵੀ ਮਸ਼ੀਨ ਤੇ ਸਬਸਿਡੀ ਲਈ ਹੈ ਤਾਂ ਉਸ ਨੂੰ ਇਸ ਬਾਰੇ ਪੋਰਟਲ ਤੇ ਦੱਸਣਾ ਜ਼ਰੂਰੀ ਹੈ।ਇਸ ਤੱਥ ਦੀ ਪੁਸ਼ਟੀ ਵਿਭਾਗ ਵਲੋਂ ਕੀਤੀ ਜਾਵੇਗੀ ਅਤੇ ਗਲਤ ਜਾਣਕਾਰੀ ਦੇਣ ਤੇ ਸਬਸਿਡੀ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

2. ਸਕੀਮਾਂ (CRM & SMAM) - ਬਿਨੈਕਾਰ ਕਿਸੇ ਸਕੀਮ ਵਿਚ **ਜਾ** ਦੋਵਾਂ ਸਕੀਮਾਂ ਮਸ਼ੀਨਰੀ ਲਈ ਅਪਲਾਈ ਕਰ ਸਕਦਾ ਹੈ।

3. ਵਿਅਕਤੀਗਤ ਸ਼੍ਰੇਣੀ ਵਿਚ ਬਿਨੈਕਾਰ ਇੱਕ ਸਕੀਮ ਵਿੱਚ ਵੱਧ ਤੋਂ ਵੱਧ ਤਿੰਨ (3) ਮਸ਼ੀਨਾਂ ਲਈ ਅਰਜ਼ੀ ਦਿੱਤੀ ਜਾ ਸਕਦੈ ਹੈ ਅਤੇ ਗਰੁੱਪ ਸ਼੍ਰੇਣੀ ਵਿੱਚ ਇੱਕ ਸਕੀਮ ਵਿੱਚ ਵੱਧ ਤੋਂ ਵੱਧ 12 ਮਸ਼ੀਨਾਂ ਲਈ ਅਰਜ਼ੀ ਦਿੱਤੀ ਜਾ ਸਕਦੈ ਹੈ।

4. ਦੋਵਾਂ ਸਕੀਮਾਂ (CRM/SMAM) ਵਿੱਚ ਸਬਸਿਡੀ ਦੀਆਂ ਦਰਾਂ ਸਬੰਧੀ ਵੇਰਵਾ ਹੇਠ ਅਨੁਸਾਰ ਹੈ (***ਵਿਭਾਗ ਵਲੋਂ ਨਿਰਧਾਰਿਤ ਕੀਤੀਆਂ ਜਾਣ ਵਾਲੀਆਂ ਸਬਸਿਡੀ ਦੀਆਂ ਦਰਾਂ ਜਲਦੀ ਹੀ ਪੋਰਟਲ ਤੇ ਅਪਲੋਡ ਕੀਤੀਆਂ ਜਾ ਰਹੀਆਂ ਹਨ।***):

### ਇਨ-ਸਿਟੂ ਸੀ.ਆਰ.ਐਮ (CRM) ਸਕੀਮ

| ਲੜੀ | ਕੈਟਾਗਰੀ | ਸਬਸਿਡੀ ਦੀ ਦਰ |
|---|---|---|
| 1 | ਵਿਅਕਤੀਗਤ ਕਿਸਾਨ | ਮਸ਼ੀਨਰੀ ਦੀ ਕੀਮਤ ਦਾ 50% ਜਾਂ ਵਿਭਾਗ ਵਲੋਂ ਨਿਰਧਾਰਿਤ ਸਬਸਿਡੀ ਵਿਚੋਂ ਜੋ ਘੱਟ ਹੋਵੇ ਮਿਲੇਗੀ । |
| 2 | ਰਜਿਸਟਰਡ ਕਿਸਾਨ ਗਰੁੱਪ | ਮਸ਼ੀਨਰੀ ਦੀ ਕੀਮਤ ਦਾ 80% ਜਾਂ ਵਿਭਾਗ ਵਲੋਂ ਨਿਰਧਾਰਿਤ ਸਬਸਿਡੀ ਵਿਚੋਂ ਜੋ ਘੱਟ ਹੋਵੇ ਮਿਲੇਗੀ । |
| 3 | ਪੰਚਾਇਤ | |
| 4 | ਸਹਿਕਾਰੀ ਸਭਾਂਵਾਂ | |
| 5 | ਫਾਰਮਰ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ | |

### ਸਬ ਮਿਸ਼ਨ ਆਨ ਐਗਰੀਕਲਚਰਲ ਮੈਕਾਨਾਈਜ਼ੇਸ਼ਨ ਸਕੀਮ (ਸਮੈਮ- SMAM)

| ਲੜੀ | ਕੈਟਾਗਰੀ | ਸਬਸਿਡੀ ਦੀ ਦਰ |
|---|---|---|
| 1 | ਵਿਅਕਤੀਗਤ ਕਿਸਾਨ (ਪੁਰਸ਼, ਜਨਰਲ ਕੈਟਾਗਰੀ) | ਮਸ਼ੀਨਰੀ ਦੀ ਕੀਮਤ ਦਾ 40% ਜਾਂ ਵਿਭਾਗ ਵਲੋਂ ਨਿਰਧਾਰਿਤ ਸਬਸਿਡੀ ਵਿਚੋਂ ਜੋ ਘੱਟ ਹੋਵੇ ਮਿਲੇਗੀ । |
| 2 | ਵਿਅਕਤੀਗਤ ਕਿਸਾਨ (ਇਸਤਰੀ, ਛੋਟੇ ਤੇ ਸੀਮਾਂਤ ਕਿਸਾਨ, ਐਸ.ਸੀ. /ਐਸ.ਟੀ ਕੈਟਾਗਰੀ) | ਮਸ਼ੀਨਰੀ ਦੀ ਕੀਮਤ ਦਾ 50% ਜਾਂ ਵਿਭਾਗ ਵਲੋਂ ਨਿਰਧਾਰਿਤ ਸਬਸਿਡੀ ਵਿਚੋਂ ਜੋ ਘੱਟ ਹੋਵੇ ਮਿਲੇਗੀ । |
| 3 | ਰਜਿਸਟਰਡ ਕਿਸਾਨ ਗਰੁੱਪ, ਪੰਚਾਇਤ, ਸਹਿਕਾਰੀ ਸਭਾਂਵਾਂ, ਫਾਰਮਰ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ | ਮਸ਼ੀਨਰੀ ਦੀ ਕੀਮਤ ਦਾ 40% ਜਾਂ ਵਿਭਾਗ ਵਲੋਂ ਨਿਰਧਾਰਿਤ ਸਬਸਿਡੀ ਵਿਚੋਂ ਜੋ ਘੱਟ ਹੋਵੇ ਮਿਲੇਗੀ । |
| 4 | ਰਜਿਸਟਰਡ ਕਿਸਾਨ ਗਰੁੱਪ, ਪੰਚਾਇਤ, ਸਹਿਕਾਰੀ ਸਭਾਂਵਾਂ, ਫਾਰਮਰ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ | ਵਿਭਾਗ ਵਲੋਂ ਨਿਰਧਾਰਿਤ ਕੀਤੇ ਹਾਟ-ਸਪਾਟ ਪਿੰਡਾਂ ਵਿੱਚ ਕੇਵਲ ਸੀ.ਆਰ.ਐਮ.ਸਕੀਮ ਵਾਲੀ ਮਸ਼ੀਨਰੀ ਤੇ ਮਸ਼ੀਨਰੀ ਦੀ ਕੀਮਤ ਦਾ 80% ਜਾਂ ਵਿਭਾਗ ਵਲੋਂ ਨਿਰਧਾਰਿਤ ਸਬਸਿਡੀ ਘੱਟ ਹੋਵੇ ਮਿਲੇਗੀ । |

5. ਬਿਨੈਕਾਰ ਲੋੜ ਮੁਤਾਬਿਕ, **<u>ਅਪਲਾਈ</u>** ਕਿਤੀ ਮਸ਼ੀਨਰੀ ਨੂੰ ***ਤਰਜੀਹ ਨੰਬਰ*** ਦੇਵੇਗਾ। ਸਭ ਤੋਂ ਵੱਧ ਤਰਜੀਹ ਵਾਲੀ ਮਸ਼ੀਨਰੀ ਨੂੰ ਨੰਬਰ 1 ਦੇਣਾ ਹੈ ਅਤੇ ਉਸਤੋਂ ਘਟ ਤਰਜੀਹ ਵਾਲੀ ਨੂੰ 2,3....

6. ਅਪਲਾਈ ਕਰਨ ਦੀ ਅੰਤਿਮ ਮਿਤੀ ਤੱਕ ਬਿਨੈਕਾਰ ਆਪਣੀ ਅਰਜ਼ੀ ਵਿੱਚ ਕਿਸੇ ਵੀ ਸਮੇਂ ਕੋਈ ਵੀ ਬਦਲਾਅ ਕਰ ਸਕਦਾ ਹੈ ਪਰ ਅੰਤਿਮ ਮਿਤੀ ਤੋਂ ਬਾਅਦ ਕਿਸੇ ਵੀ ਤਰ੍ਹਾਂ ਦਾ ਬਦਲਾਅ ਨਹੀਂ ਕੀਤਾ ਜਾ ਸਕੇਗਾ।

7. ਮਸ਼ੀਨਰੀ ਦੀ ਉਪਲਭਧਤਾ, ਸਬਸਿਡੀ ਦੀਆਂ ਦਰਾਂ, ਸਕੀਮ ਦੀਆਂ ਸ਼ਰਤਾਂ ਆਦਿ ਵਿਭਾਗ ਵਲੋਂ ਕਿਸੇ ਵੀ ਸਮੇਂ ਬਦਲੀਆਂ ਜਾ ਸਕਦੀਆਂ ਹਨ।

8. ਬਿਨੈਕਾਰ ਦਾ ਨਾਮ, ਕੈਟਾਗਰੀ, ਮਸ਼ੀਨ ਦੀ ਚੋਣ ਆਦਿ ਜਾਣਕਾਰੀ ਪੋਰਟਲ ਤੇ ਵਿਖਾਈ ਜਾ ਸਕਦੀ ਹੈ।

9. ਬਿਨੈਕਾਰ ਨੂੰ ਕਿਸੇ ਵੀ ਕਿਸਮ ਦੀ ਤਾਜ਼ਾ ਜਾਣਕਾਰੀ ਲਈ ਪੋਰਟਲ ਚੈੱਕ ਕਰਦੇ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

10. ਅਰਜੀ ਜਮਾ ਕਰਵਾਓਣ ਨਾਲ ਕੋਈ ਵੀ ਅਰਜੀਕਾਰ ਮਸ਼ਿਨਰੀ ਦੀ ਖਰੀਦ ਤੇ ਸਬਸਿਡੀ ਲੈਣ ਦਾ ਹੱਕਦਾਰ ਨਹੀਂ ਹੋਵੇਗਾ।